**ਪੰਜਾਬੀ—310**

**XII (ਬਾਰ੍ਹਵੀਂ)**

**(ਨਵੰਬਰ 2023)**

# ਨਮੂਨੇ ਦਾ ਪ੍ਰਸ਼ਨ-ਪੱਤਰ

**Time Allowed 3 hrs** | **M.M. 100**

**ਸਮਾਂ 3 ਘੰਟੇ** | **ਕੁੱਲ ਅੰਕ 100**

## *ਆਮ ਨਿਰਦੇਸ਼*

**ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

* **ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ।**
* **ਉੱਤਰ ਨੂੰ ਧਿਆਨ ਨਾਲ਼ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।**

**ਪ੍ਰ.1.** ਪੁੱਛੇ ਗਏ ਅਨੁਸਾਰ **14 ਪ੍ਰਸ਼ਨਾਂ** ਵਿੱਚੋਂ **ਕੋਈ ਦੱਸ** ਪ੍ਰਸ਼ਨ ਹੱਲ ਕਰੋ— (1X10) **10**

1. ਭਾਸ਼ਾ ਸੰਬੰਧੀ ਗਲਤੀਆਂ ਸੁਧਾਰਨ ਦੀ ਨਿਯਮਾਵਲੀ ਨੂੰ ਕੀ ਕਹਿੰਦੇ ਹਨ ?

(**A**) ਭਾਸ਼ਾ ਵਿਗਿਆਨ (**B**) ਭਾਸ਼ਾ ਨਿਯਮਾਂਵਲੀ

(**C**) ਵਿਆਕਰਣ (**D**) ਭਾਸ਼ਾ ਸੁਧਾਰ

2. ਲਾਹੌਰ, ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਇਲਾਕੇ ਵਿੱਚ ਪੰਜਾਬੀ ਬੋਲੀ ਦੀ ਕਿਹੜੀ ਉਪ-ਭਾਸ਼ਾ ਵਧੇਰੇ ਵਰਤੀ ਜਾਂਦੀ ਹੈ?

(**A**) ਦੁਆਬੀ (**B**) ਮਲਵਈ

(**C**) ਮਾਝੀ (**D**) ਮੁਲਤਾਨੀ

3. ਗੁਰਮੁਖੀ ਲਿਪੀ ਦੇ ਕਿੰਨੇ ਅੱਖਰ ਪੈਰਾਂ ਵਿੱਚ ਵਰਤੇ ਜਾਂਦੇ ਹਨ ?

(**A**) ਦੋ (**B**) ਤਿੰਨ

(**C**) ਚਾਰ (**D**) ਪੰਜ

4. ਪੰਜਾਬੀ ਭਾਸ਼ਾ ਦਾ ਮੁਹਾਵਰਾ ਕਿਹੜੇ ਰੂਪ ਵਾਲਾ ਹੈ ?

(**A**) ਕਿਰਿਆ (**B**) ਇਸਤਰੀ ਲਿੰਗ

(**C**) ਪੁਲਿੰਗ (**D**) **B** ਅਤੇ **C**

5. 'ਉਪ-ਮੰਤਰੀ' ਵਿੱਚ 'ਉਪ' ਦਾ ਕੀ ਅਰਥ ਹੈ ?

(**A**) ਹਿੱਸਾ (**B**) ਪੂਰਕ

(**C**) ਸਹਿ (**D**) ਛੋਟਾ

6. ਕਿਹੜਾ ਧਨ ਖਰਚ ਕਰਨ ਨਾਲ ਵੱਧਦਾ ਹੀ ਹੈ ? ਸਹੀ ਵਿਕਲਪ ਚੁਣੋ :

(A) ਗੁਣ (B) ਬੰਦਗੀ

(C) ਸ਼ਬਦਾਵਲੀ (D) ਸਮਾਜਕ ਸਾਂਝ

7. 'ਨਕਦ' ਦਾ ਵਿਰੋਧੀ ਸ਼ਬਦ ਕਿਹੜਾ ਹੈ ?

(A) ਹੱਥੋ-ਹੱਥ (B) ਉਦਾਰ

(C) ਰੁਪਈਏ (D) ਉਧਾਰ

8. 'ਕੰਡਾ' ਦਾ ਬਹੁਅਰਥਕ ਹੈ, ਮੱਛੀ ਦੀ ਕੰਡਾ, ਤੋਲਣ ਦਾ ਜੰਤਰ, ਇਸ ਦਾ ਇਕ ਹੋਰ ਬਹੁਅਰਥਕ ਕਿਹੜਾ ਹੈ?

(A) ਤਿੱਖਾ (B) ਧਾਤੂ

(3) ਤੇਜ਼ (D) ਮੁਸੀਬਤ ਪੈਦਾ ਕਰਨਾ

9. ਪੂਰਨ ਵਾਕ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?

(A) ਦੋ (B) ਤਿੰਨ

(C) ਚਾਰ (D) ਪੰਜ

10. ਬੰਦਾ ਜੋੜੇ ਪਲੀ ਪਲੀ ........., ਅਖਾਣ ਪੂਰਾ ਕਰੋ :

(A) ਬਾਬਾ ਰੋੜ੍ਹੇ ਕੁੱਪਾ (B) ਰਾਮ ਰੁੜ੍ਹਾਵੇ ਕੁੱਪਾ

(C) ਰਾਮ ਦੇਵੇ ਕੁੱਪਾ (D) ਰਾਮ ਲਵੇ ਕੁੱਪਾ

11. ਦੁਆਬੀ ਭਾਸ਼ਾ ਵਿੱਚ 'ਵ' ਦੀ ਥਾਂ ਕਿਹੜਾ ਅੱਖਰ ਵਧੇਰੇ ਵਰਤਿਆ ਜਾਂਦਾ ਹੈ ?

(A) ਭ (B) ਮ

(C) ਬ (D) ਡ

12. 'ਗਏ ਨੇ' ਨੂੰ ਡੋਗਰੀ ਬੋਲੀ ਵਿੱਚ ਕੀ ਬੋਲਿਆ ਜਾਂਦਾ ਹੈ ?

(A) ਗਏ ਜੇ (B) ਗਏ ਹੋ

(C) ਗਏ ਦੇ (D) ਗਏ ਦੇ ਨੇ

13. ਗੁਰਮੁਖੀ ਲਿਪੀ ਦੇ ਕਿੰਨੇ ਅੱਖਰ ਪੈਰਾਂ ਵਿੱਚ ਵਰਤੇ ਜਾਂਦੇ ਹਨ ?

(A) ਦੋ (B) ਤਿੰਨ

(C) ਚਾਰ (D) ਪੰਜ

14. ਨਵਾਂ ਸ਼ਬਦ ਬਣਾਉਣ ਲਈ ਅਗੇਤਰ ਸ਼ਬਦ ਕਿੱਥੇ ਵਰਤਿਆ ਜਾਂਦਾ ਹੈ ?

(A) ਪਿੱਛੇ (B) ਵਿੱਚ

(C) ਅੱਗੇ (D) ਕਿਧਰੇ ਵੀ

**ਪ੍ਰ.2.** ਪੁੱਛੇ ਗਏ ਅਨੁਸਾਰ 11 ਪ੍ਰਸ਼ਨਾਂ ਵਿੱਚੋਂ ***ਕੋਈ ਅੱਠ*** ਪ੍ਰਸ਼ਨਾਂ ਦੇ ਉੱਤਰ ਲਿਖੋ— (1X8) **8**

15. 15ਵੀਂ-16ਵੀਂ ਸਦੀ ਦੇ ਕਿਹੜੇ ਭਗਤ ਸਾਹਿਬ ਦੇ ਸਲੋਕ ਤੁਹਾਡੀ ਪਾਠ ਪੁਸਤਕ ਵਿੱਚ ਦਰਜ ਹਨ?

(A) ਭਗਤ ਨਾਮਦੇਵ (B) ਭਗਤ ਰਵਿਦਾਸ

(C) ਭਗਤ ਫ਼ਰੀਦ (D) ਭਗਤ ਪੀਪਾ ਜੀ

16. ਆਧੁਨਿਕ ਪੰਜਾਬੀ ਕਵਿਤਾ ਵਿੱਚ ਪਹਿਲੀ ਵਾਰ ਔਰਤ ਦੇ ਦੁੱਖ-ਦਰਦ ਨੂੰ ਕਿਸ ਨੇ ਪੇਸ਼ ਕੀਤਾ ?

(**A**) ਪ੍ਰਭਜੋਤ ਕੌਰ (**B**) ਗੁਰਮੀਤ ਬਾਵਾ

(**C**) ਅੰਮ੍ਰਿਤਾ ਪ੍ਰੀਤਮ (**D**) ਆਸਾ ਸਿੰਘ ਮਸਤਾਨਾ

17. 'ਵੇ ਦਰਦਮੰਦਾਂ ਦਿਆ ਦਰਦੀਆ' ਕਿਸ ਨੂੰ ਕਿਹਾ ਗਿਆ ਹੈ ?

(**A**) ਪਰਮਾਤਮਾ ਨੂੰ (**B**) ਸਾਧੂ ਸਮਾਜ ਨੂੰ

(**C**) ਪਿਤਾ ਨੂੰ (**D**) ਵਾਰਿਸ ਸ਼ਾਹ ਨੂੰ

18. 'ਚਨਾਬ' ਕਿਸ ਦਾ ਨਾਂ ਹੈ? (ਪਾਠ 7 ਪੰਨਾ 78)

(**A**) ਸ਼ਹਿਰ ਦਾ (**B**) ਇਲਾਕੇ ਦਾ

(**C**) ਜ਼ਿਲ੍ਹੇ ਦਾ (**D**) ਦਰਿਆ ਦਾ

19. 'ਪੰਜਾਬ' ਕਵਿਤਾ ਦੇ ਕਵੀ ਕੌਣ ਸਨ? (ਪਾਠ 8 ਪੰਨਾ 85)

(**A**) ਪੂਰਨ ਸਿੰਘ (**B**) ਜਗਤ ਸਿੰਘ

(**C**) ਫ਼ੀਰੋਜ਼ਦੀਨ (**D**) ਫ਼ੀਰੋਜ਼ਦੀਨ ਸ਼ਰਫ਼

20. ਗੂੜ੍ਹੇ ਲਾਲ ਰੰਗ ਲਈ ਕਿਹੜਾ ਸ਼ਬਦ ਸਹੀ ਹੈ :

(**A**) ਸ਼ੋਖ਼ (**B**) ਉਨਾਭ

(**C**) ਉਨਾਬ (**D**) 1 ਅਤੇ 2 ਦੋਵੇਂ

21. 'ਬੇਉਲਾਦੀ ਮਾਂ' ਤੋਂ ਕੀ ਭਾਵ ਹੈ ?

(**A**) ਜਿਸ ਦੇ ਬੱਚਾ ਹੋਵੇ (**B**) ਜਿਸ ਦਾ ਬੱਚਾ ਮਰ ਗਿਆ ਹੋਵੇ

(**C**) ਜਿਸ ਦੇ ਕੋਈ ਬੱਚਾ ਨਾ ਹੋਵੇ (**D**) ਜੋ ਬੱਚਾ ਨਹੀਂ ਜੰਮ ਸਕਦੀ ਹੋਵੇ

22. ਕਵੀ ਵਲਦੀਅਤ ਦੇ ਖਾਨੇ ਵਿੱਚ ਕਿਸ ਦਾ ਨਾਂ ਨਹੀਂ ਲਿਖ ਸਕਣ ਦੀ ਮਜ਼ਬੂਰੀ ਕਾਰਨ ਪਰੇਸ਼ਾਨ ਹੈ ?

(**A**) ਜਨਮ ਦੇਣ ਵਾਲੀ ਮਾਂ ਦਾ (**B**) ਅਸਲੀ ਪਿਤਾ ਦਾ

(**C**) ਗੋਦ ਲੈਣ ਵਾਲੇ ਪਿਤਾ ਦਾ (**D**) ਪਾਲਣਹਾਰ ਮਾਂ ਦਾ

23. 'ਵਾਰਿਸ ਸ਼ਾਹ' ਕਵਿਤਾ ਵਿੱਚ ਡੰਗ ਕਿਸ ਦਾ ਪ੍ਰਤੀਕ ਹੈ?

(**A**) ਪਿਆਰ ਦਾ (**B**) ਸਤਿਕਾਰ ਦਾ

(**C**) ਫ਼ਿਰਕਾਪ੍ਰਸਤੀ ਦਾ (**D**) ਧਰਮ ਦਾ

24. ਪੰਜਾਂ ਪਾਣੀਆਂ ਤੋਂ ਕੀ ਭਾਵ ਹੈ ?

(**A**) ਪੰਜਾਬ ਦੇ ਸ਼ਹਿਰ (**B**) ਪੰਜਾਬ ਦੇ ਲੋਕਾਂ ਦਾ ਪਿਆਰ

(**C**) ਪੰਜਾਬ ਦੇ ਪੰਜ ਦਰਿਆ (**D**) ਪੰਜਾਬ ਦੇ ਰੀਤੀ-ਰਿਵਾਜ

25. ਜੇਹਲਮ ਕੀ ਹੈ ?

(**A**) ਇਕ ਦੇਸ਼ (**B**) ਇਕ ਪੰਛੀ

(**C**) ਇਕ ਦਰਿਆ (**D**) ਇਕ ਜਾਤੀ

ਪ੍ਰ.3. ਪੁੱਛੇ ਗਏ ਅਨੁਸਾਰ 8 ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ— (1X5)5

26. ਕੁਲਫ਼ੀ ਕਹਾਣੀ ਦੇ ਲੇਖਕ ਕੌਣ ਹਨ ?

(A) ਸੁਰਜਨ ਸਿੰਘ (B) ਸੁਜਾਨ ਸਿੰਘ

(C) ਸੁਰਜੀਤ ਸਿੰਘ (D) ਸੰਤ ਸਿੰਘ

27. ਕਥਾਵਾਚਕ ਆਪਣੇ ਮਾਲਕ ਨੂੰ ਤਨਖ਼ਾਹ ਵਧਾਉਣ ਲਈ ਕਿਉਂ ਨਹੀਂ ਕਹਿੰਦਾ ?

(A) ਡਾਂਟ ਤੋਂ ਬਚਣ ਲਈ (B) ਬੇਇੱਜ਼ਤੀ ਤੋਂ ਬਚਣ ਲਈ

(C) ਤਨਖ਼ਾਹ ਕੱਟੇ ਜਾਣ ਦੇ ਡਰ ਤੋਂ (D) ਨੌਕਰੀ ਤੋਂ ਜਵਾਬ ਮਿਲ ਜਾਣ ਦੇ ਡਰ ਤੋਂ

28. 'ਤਾਰੇ ਪਈਏ ਹੁੰਦੇ ਨੇ' ਕਾਕੇ ਨੂੰ ਇਹ ਗੱਲ ਕਿਸ ਨੇ ਕਹੀ ਸੀ ?

(A) ਮਾਂ ਨੇ (B) ਸ਼ਾਹਾਂ ਦੇ ਮੁੰਡੇ ਨੇ

(C) ਦਾਦੀ ਨੇ (D) ਵੱਡੇ ਭਰਾ ਨੇ

29. ਕਥਾਵਾਚਕ ਦੂਜੇ ਦਿਨ ਕਿਸ ਤੋਂ ਕੁਝ ਮੰਗਣ ਦੀ ਕੋਸ਼ਿਸ਼ ਕਰਦਾ ਹੈ ?

(A) ਗੁਆਂਢੀਆ ਕੋਲੋਂ (B) ਮਾਲਕ ਕੋਲੋਂ

(C) ਭਰਾ ਕੋਲੋਂ (D) ਸਾਥੀਆਂ ਕੋਲੋਂ

30. ਕਥਾਵਾਚਕ ਦੀ ਪਤਨੀ ਕੋਲ ਉਲਾਂਭਾ ਲੈ ਕੇ ਕੌਣ ਆਇਆ ?

(A) ਸ਼ਾਹ ਜੀ (B) ਸ਼ਾਹ ਜੀ ਦਾ ਮੁੰਡਾ

(C) ਕੁਲਫ਼ੀ ਵਾਲਾ (D) ਸ਼ਾਹ ਜੀ ਦੀ ਪਤਨੀ

31 ਮੈਨੂੰ ਪੱਠੇ ਦੀ .......... ਚੁੱਭ ਰਹੀ ਸੀ। ਵਾਕ ਪੂਰਾ ਕਰਨ ਲਈ ਸਹੀ ਵਿਕਲਪ ਚੁਣੋ-

(A) ਦਰੀ (B) ਡੰਡੀ

(C) ਸਫ਼ (D) ਇਨ੍ਹਾਂ ਵਿੱਚੋਂ ਕੋਈ ਵੀ ਸਹੀ ਨਹੀਂ

32. ਸ਼ਾਹ ਦੇ ਮੁੰਡੇ ਦੇ ਹੱਥੋਂ ਕਾਕੇ ਨੇ ਕੀ ਸੁੱਟ ਦਿੱਤਾ ?

(A) ਛੋਲੇ (B) ਮੁਰਮੁਰੇ

(C) ਕੁਲਫ਼ੀ (D) ਕੁਲਫ਼ੀ ਵਾਲੀ ਪਲੇਟ

33. ਕਾਕੇ ਨੇ ਲੇਖਕ ਤੋਂ ਕਿਸ ਚੀਜ਼ ਦੀ ਮੰਗ ਕੀਤੀ ?

(A) ਕੁਲਫ਼ੀ (B) ਪੀਜਾ

(C) ਬਰਗਰ (D) ਮੋਮੋ

ਪ੍ਰ.4. ਪੁੱਛੇ ਗਏ ਅਨੁਸਾਰ 8 ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ— (1X5)5

34. ਲੇਖਕ ਬੰਗਾਲੀ ਫ਼ਿਲਮ ਵਿੱਚ ਕੰਮ ਕਰਨ ਲਈ ਕਿਹੜੇ ਸ਼ਹਿਰ ਗਿਆ ਸੀ ?

(A) ਬੰਗਾਲ (B) ਬੰਗਲਾ ਦੇਸ਼

(C) ਬੰਬਈ (D) ਕਲਕੱਤਾ

35. ਟੀ.ਬੀ. ਸੈਨੇਟੋਰੀਅਮ ਤੋਂ ਸਿੰਧੀ ਮੁੰਡੇ ਵੱਲੋਂ ਭੇਜੇ ਖ਼ਤ ਨੂੰ ਬਲਰਾਜ ਸਾਹਨੀ ਨੇ ਕਿਸ ਨੂੰ ਭੇਜਿਆ ?

(A) ਸਿੰਧੀ ਲੇਖਕ ਨੂੰ (B) ਸਿੰਧੀ ਕਲਾਕਾਰ ਨੂੰ

(C) ਸਿੰਧੀ ਕਾਲਜ ਦੇ ਪ੍ਰਿੰਸੀਪਲ ਨੂੰ (D) ਸਿੰਧੀ ਸਭਾ ਦੇ ਪ੍ਰਧਾਨ ਨੂੰ

36. ਏਜੰਸੀਆਂ ਅਖ਼ਬਾਰ ਨੂੰ ਕੀ ਦਿੰਦੀਆਂ ਹਨ ?

(A) ਇਸ਼ਤਿਹਾਰ (B) ਮਾਇਆ

(C) ਕਾਨੂੰਨੀ ਸਹਾਇਤਾ (D) ਖ਼ਬਰਾਂ

37. ਅਖ਼ਬਾਰ ਵਿੱਚ ਕਾਰਟੂਨ ਛਾਪਣ ਦਾ ਮੁੱਖ ਮਕਸਦ ਕੀ ਹੁੰਦਾ ਹੈ ?

(A) ਸਿੱਖਿਆ ਦੇਣਾ (B) ਮਨੋਰੰਜਨ ਅਤੇ ਵਿਅੰਗ ਕਰਨਾ

(C) ਇਸ਼ਤਿਆਰ ਦੀ ਜਾਣਕਾਰੀ ਦੇਣਾ (D) ਧਰਮ ਬਾਰੇ ਜਾਣਕਾਰੀ ਦੇਣਾ

38. ਦਿਮਾਗੀ ਅਤੇ ਸਰੀਰਕ ਹਿੰਸਾ ਨੂੰ ਕਿਵੇਂ ਖ਼ਤਮ ਕੀਤਾ ਜਾ ਸਕਦਾ ਹੈ ?

(A) ਪਿਆਰ ਨਾਲ (B) ਗਿਆਨ ਨਾਲ

(C) ਇਕ ਮੁੱਠ ਹੋ ਕੇ (D) ਮਜ਼ਬੂਤ ਇਰਾਦੇ ਨਾਲ

39. ਬਲਰਾਜ ਸਾਹਨੀ ਦੀਆਂ ਅੱਖਾਂ ਵਿੱਚੋਂ ਅੱਥਰੂ ਕਿਉਂ ਡਿੱਗਣ ਲੱਗ ਪਏ ?

(A) ਉਦਾਸੀ ਕਾਰਨ (B) ਮੋਹ ਕਾਰਨ

(C) ਬੇਬਸੀ ਕਾਰਨ (D) ਮੁੰਡੇ ਦੀ ਕਰੁਣਾਮਈ ਗਾਥਾ ਕਾਰਨ

40. ਫ਼ਿਲਮ ਪ੍ਰੋਡਿਊਸਰ ਬਾਰੇ ਸਾਹਨੀ ਨੂੰ ਕੀ ਸ਼ਿਕਾਇਤ ਹੈ ?

(A) ਫ਼ਿਲਮ ਵਿੱਚ ਚੰਗਾ ਰੋਲ ਨਹੀਂ ਦਿੱਤਾ।

(B) ਫ਼ਿਲਮ ਵਿੱਚ ਕੰਮ ਕਰਨ ਦੇ ਪੈਸੇ ਨਹੀਂ ਦਿੱਤੇ।

(C) ਸਾਹਨੀ ਨੂੰ ਝੂਠ ਬੋਲ ਕੇ ਕੰਮ ਕਰਵਾਇਆ ਸੀ।

(D) ਸਾਹਨੀ ਦੇ ਬੁਰੇ ਸਮੇਂ ਉਸ ਦੀ ਅਭਿਨੈ-ਕਲਾ ਨੂੰ ਨਹੀਂ ਪਛਾਣਿਆ ਸੀ।

41. ਬਲਰਾਜ ਸਾਹਨੀ ਨੂੰ ਮਿਲਣ ਆਇਆ ਫ਼ਿਲਮ ਪ੍ਰੋਡਿਊਸਰ ਕੀ ਸੀ ?

(A) ਲਾਲਚੀ (B) ਘਮੰਡੀ

(C) ਸਵਾਰਥੀ (D) ਇਹਨਾਂ ਵਿੱਚੋਂ ਕੋਈ ਨਹੀਂ

ਪ੍ਰ.5. ਪੁੱਛੇ ਗਏ ਅਨੁਸਾਰ **8 ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ— (1X5)5

42. ਪੰਜਾਬੀ ਸੱਭਿਆਚਾਰ ਵਿੱਚ ਕਿਸ ਦਾ ਵਿਸ਼ੇਸ਼ ਮਹੱਤਵ ਹੈ?

(A) ਭੰਗੜੇ ਦਾ (B) ਗਿੱਧੇ ਦਾ

(C) ਲੋਕਗੀਤਾਂ ਦਾ (D) ਇਹਨਾਂ ਵਿੱਚੋਂ ਕੋਈ ਨਹੀਂ

43. ਲੁੱਡੀ ਕਿਸ ਤਰ੍ਹਾਂ ਦਾ ਨਾਚ ਹੈ?

(A) ਜਿੱਤ ਤੇ ਖ਼ੁਸ਼ੀ (B) ਨੱਚਣ ਦਾ

(C) ਗਾਉਣ ਦਾ (D) ਇਹਨਾਂ ਵਿਚੋਂ ਕੋਈ ਨਹੀਂ।

44. ਮਲਵਈ ਗਿੱਧੇ ਵਿੱਚ ਸਭ ਤੋਂ ਜ਼ਰੂਰੀ ਕੀ ਹੈ?

(A) ਚਿਮਟਾ (B) ਢੋਲਕ

(C) ਅਲਗੋਜ਼ਾ (D) ਇਹਨਾਂ ਵਿਚੋਂ ਕੋਈ ਨਹੀਂ।

45. ਛਪਾਰ ਦਾ ਮੇਲਾ ਕਿਹੜੇ ਮਹੀਨੇ ਲੱਗਦਾ ਹੈ?

(A) ਮੱਘਰ (B) ਚੇਤ

(C) ਭਾਦਰੋਂ (D) ਸਾਉਣ

46. ਪੋਹ ਦੇ ਮਹੀਨੇ ਕਿਹੜਾ ਤਿਉਹਾਰ ਆਉਂਦਾ ਹੈ?

(A) ਲੋਹੜੀ (B) ਹੋਲੀ
(C) ਦੀਵਾਲੀ (D) ਦੁਸ਼ਹਿਰਾ

47. ਪੰਜਾਬ ਦਾ ਪ੍ਰਮੁੱਖ ਲੋਕ ਨਾਚ ਹੈ?

(A) ਭੰਗੜਾ (B) ਗਿੱਧਾ
(C) ਲੁੱਡੀ (D) ਝੂੰਮਰ

48. ਭੰਗੜੇ ਨੂੰ ਕਿਸ ਦਾ ਨਾਚ ਮੰਨਿਆ ਜਾਂਦਾ ਹੈ?

(A) ਔਰਤਾਂ ਦਾ (B) ਵਾਢੀਆਂ ਦਾ
(C) ਬੰਦਿਆਂ ਦਾ (D) ਇਹਨਾਂ ਵਿਚੋਂ ਕੋਈ ਨਹੀਂ

49. ਮਲਵਈ ਗਿੱਧਾ ਪੰਜਾਬ ਦੇ ਕਿਹੜੇ ਖੇਤਰ ਨਾਲ ਸੰਬੰਧਤ ਹੈ?

(A) ਮਾਝੇ ਨਾਲ (B) ਦੁਆਬੇ ਨਾਲ
(C) ਮਾਲਵੇ ਨਾਲ (D) ਪੁਆਧ ਨਾਲ

**ਪ੍ਰ.6.** ਪੁੱਛੇ ਗਏ ਅਨੁਸਾਰ **8 ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ— (1X5)**5**

50 ਭਾਈ ਘਨ੍ਹਈਆ ਜੀ ਇਕਾਂਗੀ ਕਿਸ ਦਾ ਲਿਖਿਆ ਹੋਇਆ ਹੈ?

(A) ਗੁਰਸ਼ਰਨ ਸਿੰਘ (B) ਸਵਾਰਜਬੀਰ
(C) ਆਤਮਜੀਤ (D) ਵਰਿਆਮ ਮਸਤ

51. ਰਾਮੂ ਕਿਸ ਦੇ ਵਿਆਹ ਲਈ ਪਿੰਡ ਜਾ ਰਿਹਾ ਸੀ?

(A) ਭੈਣ ਦੇ (B) ਭਰਾ ਦੇ
(C) ਚਾਚੇ ਦੇ (D) ਤਾਏ ਦੇ

52. ਜੰਗ ਦੇ ਮੈਦਾਨ ਵਿੱਚ ਭਾਈ ਘਨ੍ਹਈਆ ਨੇ ਕਿਹੜੇ ਰੰਗ ਦਾ ਝੰਡਾ ਫੜ ਲਿਆ?

(A) ਕੇਸਰੀ (B) ਚਿੱਟਾ
(C) ਤਿਰੰਗਾ (D) ਹਰਾ

53. ਅਵਾਜ਼ ਕੁਲਦੀਪ ਨੂੰ ਅਟੈਚੀ ਕਿੱਥੇ ਦੱਬਣ ਲਈ ਕਹਿੰਦੀ ਹੈ?

(A) ਤੂੜੀ ਵਾਲੇ ਕੋਠੇ ਵਿੱਚ (B) ਪਸ਼ੂਆਂ ਵਾਲੇ ਕਮਰੇ ਵਿੱਚ
(C) ਅਰਾਮ ਕਰਨ ਵਾਲੇ ਕਮਰੇ ਵਿਚ (D) ਇਹਨਾਂ ਵਿਚੋਂ ਕੋਈ ਨਹੀਂ

54 ਰਾਮੂ ਪੈਸੇ ਕਿਸ ਲਈ ਜੋੜਦਾ ਹੈ?

(A) ਮਕਾਨ ਲਈ (B) ਘਰ ਲਈ
(C) ਦੁਕਾਨ ਲਈ (D) ਭੈਣ ਦੇ ਵਿਆਹ ਲਈ

55. ਰਾਮੂ ਬੀਰ ਜੀ ਕਿਸ ਨੂੰ ਕਹਿੰਦਾ ਹੈ?

(A) ਮਨਜੀਤ ਨੂੰ (B) ਕੁਲਦੀਪ ਨੂੰ
(C) ਰਣਜੀਤ ਨੂੰ (D) ਹਰਜੀਤ ਨੂੰ

56. ਇਕਾਂਗੀ ਵਿੱਚ 'ਟੈਚੀ' ਦਾ ਕੀ ਅਰਥ ਹੈ?

(A) ਟਰੰਕ (B) ਸੂਟਕੇਸ

(C) ਬੈਗ (D) ਝੋਲਾ

57. ਬਾਬਾ ਜੀ ਦੀ ਕੁੜੀ ਦਾ ਕੀ ਨਾਂ ਸੀ?

(A) ਮਨਜੀਤ ਕੌਰ (B) ਹਰਜੀਤ ਕੌਰ

(C) ਸੁਰਜੀਤ ਕੌਰ (D) ਗੁਰਜੀਤ ਕੌਰ

**ਪ੍ਰ.7.** ਪੁੱਛੇ ਗਏ ਅਨੁਸਾਰ **8 ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ– (1X5)**5**

58. ਮੀਡੀਆ ਲੋਕਤੰਤਰ ਦਾ ਕਿਹੜਾ ਥੰਮ ਹੈ?

(A) ਪਹਿਲਾ (B) ਦੂਜਾ

(C) ਤੀਜਾ (D) ਚੌਥਾ

59. ਕਿਹੜੇ ਅਖ਼ਬਾਰ ਤੋਂ ਪੰਜਾਬੀ ਅਖ਼ਬਾਰ ਦੀ ਆਰੰਭਤਾ ਹੋਈ?

(A) ਅਖ਼ਬਾਰ ਸ੍ਰੀ ਦਰਬਾਰ ਸਾਹਿਬ (B) ਅਖ਼ਬਾਰ ਸੱਚਿਆਰਾ

(C) ਅਖ਼ਬਾਰ ਸੱਚਖੰਡ ਸਾਹਿਬ (D) ਇਹਨਾਂ ਵਿਚੋਂ ਕੋਈ ਨਹੀਂ

60. ਪੰਜਾਬੀ ਅਖ਼ਬਾਰਾਂ ਨੂੰ ਸਭ ਤੋਂ ਵੱਡੀ ਸਮੱਸਿਆ ਕੀ ਹੈ?

(A) ਅਨੁਵਾਦ ਦੀ (B) ਪੱਤਰਕਾਰਾਂ ਦੀ

(C) ਖ਼ਬਰਾਂ ਦੀ (D) ਫੋਟੋਗ੍ਰਾਫ਼ਰਾਂ ਦੀ

61. ਪੱਤਰਕਾਰੀ ਕੀ ਹੈ?

(A) ਕਲਾ (B) ਪੇਸ਼ਾ

(C) ਸੇਵਾ (D) ਇਹਨਾਂ ਵਿਚੋਂ ਕੋਈ ਨਹੀਂ

62. ਖ਼ਬਰ ਦੇ ਤੱਥ ਇਕੱਤਰ ਕਰਨ ਸਮੇਂ ਕਿਸ ਦਾ ਧਿਆਨ ਰੱਖਣਾ ਜ਼ਰੂਰੀ ਹੈ?

(A) ਪੰਜ ਕੱਕਿਆਂ ਦਾ (B) ਤਿੰਨ ਡਬਲਿਊ ਦਾ

(C) ਆਪਣੇ ਹਿੱਤ ਦਾ (D) ਛੇ ਕੱਕਿਆਂ ਦਾ

63. ਭਾਰਤ ਵਿੱਚ ਕਿਸ ਦੀ ਆਮਦ ਨਾਲ ਅਖ਼ਬਾਰਾਂ ਦੀ ਸ਼ੁਰੂਆਤ ਹੋਈ?

(A) ਮੁਗ਼ਲਾਂ (B) ਜਪਾਨੀਆਂ

(C) ਅੰਗਰੇਜ਼ਾਂ (D) ਫਰਾਂਸੀਸੀਆਂ

64. ਅਖ਼ਬਾਰਾਂ ਖ਼ਬਰਾਂ ਲੈਣ ਲਈ ਕੀ ਨਿਯੁਕਤ ਕਰਦੀਆਂ ਹਨ?

(A) ਪਰੂਫ਼-ਰੀਡਰ (B) ਪੱਤਰਕਾਰ

(C) ਕੰਪੋਜੀਟਰ (D) ਇਹਨਾਂ ਵਿਚੋਂ ਕੋਈ ਨਹੀਂ

65. ਮੀਡੀਆ ਕਿੰਨੀ ਤਰ੍ਹਾਂ ਦਾ ਹੁੰਦਾ ਹੈ?

(A) ਦੋ (B) ਤਿੰਨ

(C) ਚਾਰ (D) ਪੰਜ

ਪ੍ਰ.8. ਪੁੱਛੇ ਗਏ ਅਨੁਸਾਰ **ਦੱਸ ਪ੍ਰਸ਼ਨਾਂ** ਵਿੱਚੋਂ **ਕੋਈ ਸੱਤ** ਪ੍ਰਸ਼ਨਾਂ ਦੇ ਉੱਤਰ ਲਿਖੋ— (1X7)**7**

66. ਅਨੁਵਾਦ ਦਾ ਸੰਬੰਧ ਭਾਰਤ ਦੀ ਕਿਹੜੀ ਪਰੰਪਰਾ ਨਾਲ ਹੈ?
   (**A**) ਗਿਆਨ (**B**) ਵਿਗਿਆਨ
   (**C**) ਕਲਾ (**D**) ਸਾਹਿਤ

67. ਅਨੁਵਾਦ ਕਲਾ ਨੂੰ ਵਿਦਵਾਨਾਂ ਨੇ ਆਪਣਾ ਕੀ ਦਿੱਤਾ ਹੈ?
   (**A**) ਵਿਰੋਧ (**B**) ਸਮਰੱਥਨ
   (**C**) ਦੋਨੋਂ (**D**) ਇਹਨਾਂ ਵਿਚੋਂ ਕੋਈ ਨਹੀਂ

68. ਵਿਗਿਆਪਨ ਰਾਹੀਂ ਕੀ ਪੈਦਾ ਹੁੰਦੀ ਹੈ?
   (**A**) ਆਮਦਨ (**B**) ਮਸ਼ਹੂਰੀ
   (**C**) ਜਨ-ਚੇਤਨਾ (**D**) ਇਹਨਾਂ ਵਿੱਚੋਂ ਕੋਈ ਨਹੀਂ

69. ਕਾਨੂੰਨ ਵਿਵਸਥਾ, ਨਿਆਂ ਪਾਲਿਕਾ ਦਾ ਸਾਰਾ ਕਾਰਜ ਕਿਹੜੀ ਭਾਸ਼ਾ ਵਿੱਚ ਹੁੰਦਾ ਹੈ?
   (**A**) ਪੰਜਾਬੀ (**B**) ਉਰਦੂ
   (**C**) ਹਿੰਦੀ (**D**) ਇੰਗਲਿਸ਼

70. ਅਨੁਵਾਦ ਦੀ ਜਟਿਲ ਪ੍ਰਕਿਰਿਆ ਨੂੰ ਕਿਸ ਦੀ ਮਦਦ ਨਾਲ ਸਰਲ ਬਣਾਇਆ ਜਾ ਸਕਦਾ ਹੈ?
   (**A**) ਪੁਸਤਕਾਂ (**B**) ਸ਼ਬਦਕੋਸ਼
   (**C**) ਕੰਪਿਊਟਰ (**D**) ਇਹਨਾਂ ਵਿਚੋਂ ਕੋਈ ਨਹੀਂ

71. ਵੀਹਵੀਂ ਸਦੀ ਵਿੱਚ ਯਾਂਤਰਿਕ ਅਨੁਵਾਦ ਦੀ ਸ਼ੁਰੂਆਤ ਕਿੱਥੇ ਸ਼ੁਰੂ ਹੋਈ?
   (**A**) ਉੱਤਰ (**B**) ਪੂਰਵ
   (**C**) ਪੱਛਮ (**D**) ਦੱਖਣ

72. ਮਸ਼ੀਨੀ ਅਨੁਵਾਦ ਤੰਤਰ ਵਿੱਚ ਕਿੰਨੇ ਚਰਨ ਹੁੰਦੇ ਹਨ?
   (**A**) ਦੋ (**B**) ਤਿੰਨ
   (**C**) ਚਾਰ (**D**) ਪੰਜ

73. ਮੌਖਿਕ ਅਨੁਵਾਦ ਤੋਂ ਅੱਜ ਅਸੀਂ ਕਿਹੜੇ ਅਨੁਵਾਦ ਤੱਕ ਪਹੁੰਚ ਗਏ ਹਾਂ?
   (**A**) ਯਾਂਤਰਿਕ ਅਨੁਵਾਦ (**B**) ਕਿਤਾਬੀ ਅਨੁਵਾਦ
   (**C**) ਭਾਸ਼ਾਈ ਅਨੁਵਾਦ (**D**) ਇਹਨਾਂ ਵਿੱਚੋਂ ਕੋਈ ਨਹੀਂ

74. ਇਕ ਭਾਸ਼ਾ ਤੋਂ ਦੂਜੀ ਭਾਸ਼ਾ ਤੱਕ ਪਹੁੰਚ ਦਾ ਮਾਰਗ ਕੀ ਹੈ?
   (**A**) ਭਾਸ਼ਾ (**B**) ਅਨੁਵਾਦ
   (**C**) ਲਿਪੀ (**D**) ਬੋਲੀ

75. ਭਾਰਤ ਦੇ ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਨੂੰ ਕਿਸ ਰੂਪ ਵਿੱਚ ਵੇਖਿਆ ਜਾ ਸਕਦਾ ਹੈ?
   (**A**) ਪੁਸਤਕਾਂ (**B**) ਗ੍ਰੰਥਾਂ
   (**C**) ਟੀਕਿਆਂ (**D**) ਇਹਨਾਂ ਵਿਚੋਂ ਕੋਈ ਨਹੀਂ

**ਜਾਂ**

ਪੁੱਛੇ ਗਏ ਅਨੁਸਾਰ **ਦੱਸ ਪ੍ਰਸ਼ਨਾਂ** ਵਿੱਚੋਂ **ਕੋਈ ਸੱਤ** ਪ੍ਰਸ਼ਨਾਂ ਦੇ ਉੱਤਰ ਲਿਖੋ— (1X7)**7**

66. ਨਵੇਂ ਪੰਜਾਬੀ ਸਿਨੇਮਾ ਵਿੱਚ ਕੀ ਦੇਖਣ ਨੂੰ ਮਿਲ ਰਿਹਾ ਹੈ?

(**A**) ਪ੍ਰਚਾਰ (**B**) ਤਬਦੀਲੀਆਂ

(**C**) ਪੈਸਾ (**D**) ਖੋਜਾਂ

67. 'ਸ਼ਹੀਦੇ-ਮੁਹਬੱਤ' ਦਾ ਨਾਇਕ ਕੌਣ ਹੈ?

(**A**) ਗੁਰਦਾਸ ਮਾਨ (**B**) ਸਤੀਸ਼ ਕੌਲ

(**C**) ਧੀਰਜ ਕੁਮਾਰ (**D**) ਰਾਜ ਬੱਬਰ

68. ਵੀਹਵੀਂ ਸਦੀ ਦੀਆਂ ਪੰਜਾਬੀ ਫਿਲ਼ਮਾਂ ਵਿੱਚ ਕਿਹੜਾ ਸੱਭਿਆਚਾਰ ਭਾਰੀ ਰਿਹਾ?

(**A**) ਸ਼ਹਿਰੀ ਸੱਭਿਆਚਾਰ (**B**) ਪੇਂਡੂ-ਸੱਭਿਆਚਾਰ

(**C**) ਵਿਲਾਇਤੀ ਸੱਭਿਆਚਾਰ (**D**) ਇਹਨਾਂ ਵਿਚੋਂ ਕੋਈ ਨਹੀਂ

69. ਪੰਜਾਬੀ ਵਿੱਚ ਕਿਹੜੀ ਗਾਇਕੀ ਦੀ ਚੜ੍ਹਤ ਸੀ?

(**A**) ਢੱਡ-ਸਾਰੰਗੀ ਦੀ (**B**) ਕਵੀਸ਼ਰੀ ਦੀ

(**C**) ਲੋਕ ਗਾਇਕੀ ਦੀ (**D**) ਇਹਨਾਂ ਵਿਚੋਂ ਕੋਈ ਨਹੀਂ

70.. ਕਿਹੜੇ ਕਲਾਕਾਰ ਨੂੰ 'ਕਲੀਆਂ ਦਾ ਬਾਦਸ਼ਾਹ' ਕਿਹਾ ਜਾਂਦਾ ਹੈ?

(**A**) ਐਮੀ ਵਿਰਕ (**B**) ਹਰਜੀਤ ਹਰਮਨ

(**C**) ਕੁਲਦੀਪ ਮਾਣਕ (**D**) ਇਹਨਾਂ ਵਿਚੋਂ ਕੋਈ ਨਹੀਂ

71. ਗੁਰਦਾਸ ਮਾਨ ਕਿਹੜੇ ਇਲਾਕੇ ਵਿੱਚ ਜਨਮ ਲਿਆ?

(**A**) ਬਠਿੰਡਾ (**B**) ਲੁਧਿਆਣਾ

(**C**) ਪਟਿਆਲਾ (**D**) ਬਟਾਲਾ

72. ਭਾਰਤ ਵਿੱਚ ਘਰੇਲੂ ਟੈਲੀਫੋਨ ਕਦੋਂ ਲੱਗਣੇ ਸ਼ੁਰੂ ਹੋਏ?

(**A**) 1980 (**B**) 1990

(**C**) 2000 (**D**) 2021

73. ਅਜੋਕੇ ਸਮੇਂ ਵਿੱਚ ਪੰਜਾਬੀ ਗਾਇਕੀ ਕਿਹੋ ਜਿਹੀ ਹੈ?

(**A**) ਹਰਮਨ ਪਿਆਰੀ (**B**) ਸਧਾਰਨ

(**C**) ਭੈੜੀ (**D**) ਇਹਨਾਂ ਵਿੱਚੋਂ ਕੋਈ ਨਹੀਂ

74. 'ਜੀ ਆਇਆਂ ਨੂੰ' ਫਿਲਮ ਵਿੱਚ ਕਿਹੜੇ ਪੰਜਾਬੀਆਂ ਦਾ ਜੀਵਨ ਪੇਸ਼ ਕੀਤਾ ਹੈ?

(**A**) ਭਾਰਤੀ (**B**) ਪਾਕਿਸਤਾਨੀ

(**C**) ਪਰਵਾਸੀ (**D**) ਇਹਨਾਂ ਵਿਚੋਂ ਕੋਈ ਨਹੀਂ

75. ਸਿਨੇਮਾ ਅਜੋਕੇ ਯੁੱਗ ਦਾ ਕਿਹੜਾ ਮਾਧਿਅਮ ਹੈ?

(**A**) ਤਾਕਤਵਰ (**B**) ਮਨੋਰੰਜਕ

(**C**) ਨੀਰਸ (**D**) ਹਾਸਮਈ

**ਪ੍ਰ.9.** ਪੁੱਛੇ ਗਏ ਅਨੁਸਾਰ **ਤੇਰਾਂ ਪ੍ਰਸ਼ਨਾਂ** ਵਿੱਚੋਂ **ਕੋਈ ਦੱਸ** ਪ੍ਰਸ਼ਨਾਂ ਦੇ ਉੱਤਰ **20-25 ਸ਼ਬਦਾਂ** ਵਿੱਚ ਲਿਖੋ (2X10) **20**

1. ਕੁਲਫ਼ੀ ਕਹਾਣੀ ਦੀ ਮੂਲ ਸਮੱਸਿਆ ਕੀ ਹੈ?
2. ਭਗਤ ਰਵਿਦਾਸ ਜੀ ਨੇ ਕਿਹੜੀ ਪੂਜਾ-ਵਿਧੀਆਂ ਦਾ ਖੰਡਨ ਕੀਤਾ ਹੈ?
3. ਕਵਿੱਤਰੀ ਅੰਮ੍ਰਿਤਾ ਪ੍ਰੀਤਮ ਪੰਜਾਬ ਦੇ ਹਾਲਾਤ ਦੇਖਣ ਲਈ ਕਿਸ ਨੂੰ ਪੁਕਾਰ ਰਹੀ ਹੈ ਤੇ ਕਿਉਂ?
4 ਸਾਊਪੁਣਾ ਨਿਬੰਧ ਵਿੱਚ ਸਾਊ ਬੰਦੇ ਦਾ ਸਭ ਤੋਂ ਵੱਡਾ ਗੁਣ ਕਿਹੜਾ ਦੱਸਿਆ ਗਿਆ ਹੈ? (
5. ਲੋਕ ਗੀਤ ਦੀ ਪਰਿਭਾਸ਼ਾ ਲਿਖੋ ।
6. ਪ੍ਰਿੰਟ ਮੀਡੀਆ ਬਾਰੇ ਤੁਸੀਂ ਕੀ ਜਾਣਦੇ ਹੋ?
7. ਪੰਜਾਬ ਦਾ ਨਾਂ ਕਿਹੜੇ ਦਰਿਆਵਾਂ ਕਰਕੇ ਪਿਆ ਉਹਨਾਂ ਦੇ ਨਾਂ ਲਿਖੋ।
8. ਕਹਾਣੀ ਕੁਲਫ਼ੀ ਵਿੱਚ ਪੈਸੇ ਦੀ ਤੰਗੀ ਦੀ ਤੁਲਨਾ ਕਿਹੜੀ ਤੰਗੀ ਤੋਂ ਵੀ ਭੈੜੀ ਹੋਣ ਨਾਲ ਕੀਤੀ ਗਈ ਹੈ? ਲੇਖਕ ਇਹ ਕਿਉਂ ਮਹਿਸੂਸ ਕਰ ਰਿਹਾ ਹੈ?
9. 'ਅੱਥਰੂ' ਡਾਇਰੀ-ਅੰਸ਼ ਦਾ ਲੇਖਕ ਕੌਣ ਹੈ? ਇਹ ਡਾਇਰੀ ਅੰਸ਼ ਲੇਖਕ ਦੀ ਕਿਸ ਪੁਸਤਕ 'ਚੋਂ ਲਿਆ ਗਿਆ ਹੈ?
10. ਜਰਗ ਦਾ ਮੇਲਾ ਕਦੋਂ ਅਤੇ ਕਿਉਂ ਮਨਾਇਆ ਜਾਂਦਾ ਹੈ?
11. ਰਾਮੂ ਕਿਹੜੀ ਇਕਾਂਗੀ ਦਾ ਪਾਤਰ ਹੈ? ਇਹ ਕਿੱਥੋਂ ਦਾ ਰਹਿਣ ਵਾਲਾ ਹੈ ਤੇ ਕਿਸ ਦੇ ਘਰ ਕੰਮ ਕਰਦਾ ਹੈ?
12. ਸੰਪਾਦਕੀ ਕੌਣ ਲਿਖਦਾ ਹੈ? ਇਸ ਦਾ ਕੀ ਮਹੱਤਵ ਹੈ?
13. ਪੰਜਾਬ ਦੇ ਲੋਕ ਨਾਚ ਕਿਹੜੇ ਹਨ? ਕਿਸੇ ਇੱਕ ਲੋਕ ਨਾਚ ਬਾਰੇ ਜਾਣਕਾਰੀ ਦਿਓ।

**ਪ੍ਰ.10.** ਪੁੱਛੇ ਗਏ ਅਨੁਸਾਰ **ਤਿੰਨ ਪ੍ਰਸ਼ਨਾਂ** ਵਿੱਚੋਂ ***ਕੋਈ ਦੋ*** ਪ੍ਰਸ਼ਨਾਂ ਦੇ ਉੱਤਰ **40-45 ਸ਼ਬਦਾਂ** ਵਿੱਚ ਲਿਖੋ— (3X2) **6**

1. ਔਰਤ ਦੀ ਹੱਕ ਤਲਫ਼ੀ ਕਵਿਤਾ ਦਾ ਉਦੇਸ਼ ਕੀ ਹੈ?
2. ਪੰਜਾਬੀ ਸਿਨੇਮਾ ਬਾਰੇ ਤੁਸੀਂ ਆਪਣੀ ਪੁਸਤਕ ਦੇ ਪਾਠ ਸਮਕਾਲੀ ਪੰਜਾਬੀ ਸਿਨੇਮਾ ਬਾਰੇ ਕੀ ਸਿੱਖਿਆ ਹੈ?
3. ਮਸ਼ੀਨੀ ਅਨੁਵਾਦ ਦੀਆਂ ਸਮੱਸਿਆਵਾਂ ਅਤੇ ਸਮਾਧਾਨ ਬਾਰੇ ਪਾਠ ਪੁਸਤਕ ਦੇ ਅਧਾਰ ਤੇ ਲਿਖੋ।

**ਪ੍ਰ.11.** ਪੁੱਛੇ ਗਏ ਅਨੁਸਾਰ **ਪੰਜ ਪ੍ਰਸ਼ਨਾਂ** ਵਿੱਚੋਂ **ਕੋਈ ਤਿੰਨ** ਪ੍ਰਸ਼ਨਾਂ ਦੇ ਉੱਤਰ **70-80 ਸ਼ਬਦਾਂ** ਵਿੱਚ ਲਿਖੋ— (4X3)**12**

1. ਮੌਜਾਂ ਲਾਈ ਦਰਿਆਵਾਂ ਸੋਹਣੀ, ਬਾਗ਼ ਜ਼ਮੀਨਾਂ ਫਲਦੇ।
   'ਸ਼ਰਫ਼' ਪੰਜਾਬੀ ਧਰਤੀ ਉੱਤੇ, ਠੁਮਕ ਠੁਮਕ ਪਏ ਚਲਦੇ।
   ਸਤਲੁਜ, ਰਾਵੀ, ਜੇਹਲਮ, ਅਟਕ, ਚਨਾਬ ਨੀ ਸਈਓ।
   ਸੋਹਣਿਆਂ ਦੇਸਾਂ ਅੰਦਰ ਦੇਸ ਪੰਜਾਬ ਨੀ ਸਈਓ।
   ਉਪਰੋਕਤ ਕਾਵਿ ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।
2. ਭਾਈ ਘਨ੍ਹਈਆ ਇਕਾਂਗੀ ਤੋਂ ਤੁਸੀਂ ਕੀ ਸਿੱਖਿਆ ਹੈ?
3. ਕੁਲਫ਼ੀ ਕਹਾਣੀ ਦੇ ਲੇਖਕ ਨੇ ਕਾਕੇ ਰਾਹੀ ਸਮਾਜ ਦੀ ਕਿਹੜੀ ਸਥਿਤੀ ਨੂੰ ਪੇਸ਼ ਕੀਤਾ ਹੈ? ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ।
4. ਲੇਖਕ ਬਲਰਾਜ ਸਾਹਨੀ ਦੀ ਮਾਂ-ਬੋਲੀ ਕਿਹੜੀ ਹੈ ਅਤੇ ਉਸ ਬੋਲੀ ਬਾਰੇ ਉਸ ਦਾ ਕੀ ਕਹਿਣਾ ਹੈ? ਪਿੰਡੀ ਦੀ ਬੋਲੀ ਬਾਰੇ ਉਸ ਦਾ ਕੀ ਕਹਿਣਾ ਹੈ?
5. ਪੰਜਾਬੀ ਇਸ਼ਤਿਹਾਰਬਾਜ਼ੀ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ।

ਪ੍ਰ.12. ਹੇਠ ਲਿਖੇ ਵਿਸ਼ਿਆਂ ਵਿੱਚੋਂ **ਕਿਸੇ ਇੱਕ** ਵਿਸ਼ੇ ਉੱਤੇ 125-150 **ਸ਼ਬਦਾਂ** ਵਿੱਚ ਲੇਖ ਲਿਖੋ— (6X1)**6**

ਵਿਦਿਆ ਵਿਚਾਰੀ ਤਾਂ ਪਰਉਪਕਾਰੀ

ਜਾਂ

ਜਲ ਬਚਾਓ

ਪ੍ਰ.13. ਹੇਠ ਲਿਖੇ ਵਿਸ਼ਿਆਂ ਵਿੱਚੋਂ **ਕਿਸੇ ਇੱਕ** ਵਿਸ਼ੇ ਉੱਤੇ **ਪੱਤਰ** ਲਿਖੋ— (6X1)**6**

ਆਪਣੇ ਭਰਾ ਨੂੰ ਕੰਪਿਊਟਰ ਦਾ ਮਹਤੱਵ ਦੱਸਦੇ ਹੋਏ ਹਿਦਾਇਤ ਦਿਓ ਕਿ ਉਹ ਸੀਨੀਅਰ ਸੈਕੰਡਰੀ ਜਮਾਤ ਵਿੱਚ ਵਿਸਿਆਂ ਦੀ ਚੋਣ ਸਮੇਂ ਕੰਪਿਊਟਰ ਵਿਸ਼ੇ ਦੀ ਚੋਣ ਜ਼ਰੂਰ ਕਰੇ।

**ਜਾਂ**

ਪਰਿਵਹਨ ਨਿਗਮ ਦੇ ਚੇਅਰਮੈਨ ਨੂੰ ਨਵੀਂ ਵਸੀ ਕਾਲੋਨੀ ਤੋਂ ਸ਼ਹਿਰ ਦੇ ਸਟੇਸ਼ਨ ਤੱਕ ਬੱਸ ਚਲਾਉਣ ਲਈ ਬਿਨੈ-ਪੱਤਰ ਲਿਖੋ।

# ਪੰਜਾਬੀ—310

## XII (ਬਾਰ੍ਹਵੀਂ)

## (ਨਵੰਬਰ 2023)

# ਉੱਤਰ-ਕੁੰਜੀ

M.M. 40

**ਕੁੱਲ ਅੰਕ 100**

ਪ੍ਰ.1. (1X10) **10**

1. (**A**) ਭਾਸ਼ਾ ਵਿਗਿਆਨ
2. (**D**) ਮੁਲਤਾਨੀ
3. (**B**) ਤਿੰਨ
4. (**A**) ਕਿਰਿਆ
5. (**D**) ਛੋਟਾ
6. (**B**) ਬੰਦਗੀ
7. (**D**) ਉਧਾਰ
8. (**D**) ਮੁਸੀਬਤ ਪੈਦਾ ਕਰਨਾ
9. (**B**) ਤਿੰਨ
10. (**B**) ਰਾਮ ਰੁੜ੍ਹਾਵੇ ਰੋੜ੍ਹੇ ਕੁੱਪਾ
11. (**C**) ਬ
12. (**D**) ਗਏ ਦੇ ਨੇ
13. (**B**) ਤਿੰਨ
14. (**C**) ਅੱਗੇ

ਪ੍ਰ.2. (1X8) **8**

15. (**B**) ਭਗਤ ਰਵਿਦਾਸ
16. (**C**) ਅੰਮ੍ਰਿਤਾ ਪ੍ਰੀਤਮ
17. (**D**) ਵਾਰਿਸ ਸ਼ਾਹ ਨੂੰ
18. (**D**) ਦਰਿਆ ਦਾ
19. (**D**) ਫੀਰੋਜ਼ਦੀਨ ਸ਼ਰਫ਼
20. (**C**) ਉਨਾਬ
21. (**C**) ਜਿਸ ਦੇ ਕੋਈ ਬੱਚਾ ਨਾ ਹੋਵੇ

22. (**D**) ਪਾਲਣਹਾਰ ਮਾਂ ਦਾ

23. (**C**) ਫ਼ਿਰਕਾਪ੍ਰਸਤੀ ਦਾ

24. (**C**) ਪੰਜਾਬ ਦੇ ਪੰਜ ਦਰਿਆ

25. (**C**) ਇਕ ਦਰਿਆ

**ਪ੍ਰ.3.** (1X5)**5**

26. (**B**) ਸੁਜਾਨ ਸਿੰਘ

27. (**D**) ਨੌਕਰੀ ਤੋਂ ਜਵਾਬ ਮਿਲ ਜਾਣ ਦੇ ਡਰ ਤੋਂ

28. (**D**) ਵੱਡੇ ਭਰਾ ਨੇ

29. (**D**) ਸਾਥੀਆਂ ਕੋਲੋਂ

30. (**D**) ਸ਼ਾਹ ਜੀ ਦੀ ਪਤਨੀ

31 (**C**) ਸਫ਼

32. (**D**) ਕੁਲਫ਼ੀ ਵਾਲੀ ਪਲੇਟ

33. (**A**) ਕੁਲਫ਼ੀ

**ਪ੍ਰ.4.** (1X5)**5**

34. (**D**) ਕਲਕੱਤਾ

35. (**C**) ਸਿੰਧੀ ਕਾਲਜ ਦੇ ਪ੍ਰਿੰਸੀਪਲ ਨੂੰ

36. (**D**) ਖ਼ਬਰਾਂ

37. (**B**) ਮਨੋਰੰਜਕ ਅਤੇ ਵਿਅੰਗ ਕਰਨਾ

38. (**D**) ਮਜ਼ਬੂਤ ਇਰਾਦੇ ਨਾਲ

39. (**D**) ਮੁੰਡੇ ਦੀ ਕਰੁਣਾਮਈ ਗਾਥਾ ਕਾਰਨ

40. (**D**) ਸਾਹਨੀ ਦੇ ਬੁਰੇ ਸਮੇਂ ਉਸ ਦੀ ਅਭਿਨੈ-ਕਲਾ ਨੂੰ ਨਹੀਂ ਪਛਾਣਿਆ ਸੀ।

41. (**C**) ਸਵਾਰਥੀ

**ਪ੍ਰ.5.** (1X5)**5**

42 (**C**) ਲੋਕਗੀਤਾਂ ਦਾ

43. (**A**) ਜਿੱਤ ਤੇ ਖੁਸ਼ੀ ਦਾ

44. (**B** ਢੋਲਕ

45. (**C**) ਭਾਦਰੋਂ

46. (**A**) ਲੋਹੜੀ

47. (**A**) ਭੰਗੜਾ

48. **(C)** ਬੰਦਿਆਂ ਦਾ

49. **(C)** ਮਾਲਵੇ ਨਾਲ

**ਪ੍ਰ.6.** (1X5)**5**

50. **(A)** ਗੁਰਸ਼ਰਨ ਸਿੰਘ

51. **(A)** ਭੈਣ ਦੇ

52. **(B)** ਚਿੱਟਾ

53. **(A)** ਤੂੜੀ ਵਾਲੇ ਕੋਠੇ ਵਿੱਚ

54. **(D)** ਭੈਣ ਦੇ ਵਿਆਹ ਲਈ

55. (**B**) ਕੁਲਦੀਪ ਨੂੰ

56. (**B**) ਸੂਟਕੇਸ

57. (**A**) ਮਨਜੀਤ ਕੌਰ

**ਪ੍ਰ.7.** (1X5)**5**

58. **(B)** ਦੂਜਾ

59. **(A)** ਅਖ਼ਬਾਰ ਸ੍ਰੀ ਦਰਬਾਰ ਸਾਹਿਬ

60. **(A)** ਅਨੁਵਾਦ ਦੀ

61. **(A)** ਕਲਾ

62. **(D)** ਛੇ ਕੱਕਿਆਂ ਦਾ

63. **(C)** ਅੰਗਰੇਜ਼ਾਂ

64. (**B**) ਪੱਤਰਕਾਰ

65. (**A**) ਦੋ

**ਪ੍ਰ.8.** (1X7)7

66. **(D)** ਸਾਹਿਤ

67. **(B)** ਸਮਰੱਥਨ

68. **(C)** ਜਨ-ਚੇਤਨਾ

69. **(D)** ਇੰਗਲਿਸ਼

70. **(C)** ਕੰਪਿਊਟਰ

71. **(C)** ਪੱਛਮ

72. (**B**) ਤਿੰਨ

73. (**A**) ਯਾਂਤਰਿਕ ਅਨੁਵਾਦ

74. (**B**) ਅਨੁਵਾਦ

74. (**C**) ਟੀਕਿਆਂ

**ਜਾਂ**

66. (**B**) ਤਬਦੀਲੀਆਂ

67. (**A**) ਗੁਰਦਾਸ ਮਾਨ

68. (**D**) ਇਹਨਾਂ ਵਿੱਚੋਂ ਕੋਈ ਨਹੀਂ

69. (**A**) ਢੱਡ-ਸਾਰੰਗੀ ਦੀ

70. (**C**) ਕੁਲਦੀਪ ਮਾਣਕ

71. (**A**) ਬਠਿੰਡਾ

72. (**B**) 1990

73. (**A**) ਹਰਮਨ ਪਿਆਰੀ

74. (**C**) ਪਰਵਾਸੀ

75. (**A**) ਤਾਕਤਵਰ

**ਪ੍ਰ.9.** ਪ੍ਰਸ਼ਨਾਂ ਦੇ ਉੱਤਰ ਲਿਖੋ— (2X10) **20**

(1) ਕਹਾਣੀਕਾਰ ਸੁਜਾਨ ਸਿੰਘ ਨੇ 'ਕੁਲਫ਼ੀ' ਕਹਾਣੀ ਵਿੱਚ ਗਰੀਬ ਕਿਰਤੀ ਬੰਦੇ ਦੀ ਮਾੜੀ ਆਰਥਕ ਦਸ਼ਾ ਨੂੰ ਮੂਲ ਸਮੱਸਿਆ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਗਰੀਬ ਬੰਦੇ ਲਈ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਹੁੰਦਾ ਹੈ, ਇਥੋਂ ਤੱਕ ਕਿ ਉਹ ਆਪਣੇ ਬੱਚੇ ਦੀ ਮਾਮੂਲੀ ਫ਼ਰਮਾਇਸ਼ ਵੀ ਪੂਰੀ ਨਹੀਂ ਕਰ ਸਕਦਾ।

(2) ਆਪਣੀ ਬਾਣੀ ਰਾਹੀਂ ਬ੍ਰਾਹਮਣਵਾਦੀ ਵਰਣ ਵਿਵੱਸਥਾ, ਬਾਹਰੀ ਕਰਮ-ਕਾਂਡ ਤੇ ਮੂਰਤੀ ਪੂਜਾ ਦਾ ਭਰਪੂਰ ਖੰਡਨ ਕੀਤਾ ਅਤੇ ਮਨੁੱਖ ਨੂੰ ਵਿਸ਼ੇ-ਵਿਕਾਰਾਂ ਦੇ ਮੋਹ ਮਾਇਆ ਤੋਂ ਵਿੱਥ ਥਾਪ ਕੇ, ਪ੍ਰਮਾਤਮਾ ਦੀ ਸੱਚੀ ਭਗਤੀ ਕਰਨ ਦਾ ਉਪਦੇਸ਼ ਦਿੱਤਾ।

(3) ਕਵਿੱਤਰੀ ਅੰਮ੍ਰਿਤਾ ਪ੍ਰੀਤਮ ਪੰਜਾਬ ਦੇ ਹਾਲਾਤ ਦੇਖਣ ਲਈ ਪ੍ਰਸਿੱਧ ਕਵੀ ਵਾਰਿਸ ਸ਼ਾਹ ਨੂੰ ਪੁਕਾਰ ਰਹੀ ਹੈ ਕਿਉਂਕਿ ਵਾਰਿਸ ਸ਼ਾਹ ਨੇ ਹੀਰ ਦੇ ਦੁੱਖ ਨੂੰ ਬਿਆਨ ਕਰਨ ਲਈ ਕਿੱਸਾ ਲਿਖ ਕੇ ਲੋਕਾਂ ਨੂੰ ਉਸਦੇ ਨਾਲ ਹੋਏ ਅਨਿਆਂ ਬਾਰੇ ਦੱਸਿਆ ਤੇ ਹੁਣ ਦੇਸ਼ ਦੀ ਵੰਡ ਕਾਰਨ ਹਜ਼ਾਰਾਂ ਧੀਆਂ ਨਾਲ ਅਨਿਆ ਹੋ ਰਿਹਾ ਹੈ ਤੇ ਕਵਿੱਤਰੀ ਇਸ ਦੁੱਖ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵਾਰਿਸ ਸ਼ਾਹ ਵਰਗੇ ਮਹਾਨ ਕਵੀ ਨੂੰ ਪੁਕਾਰ ਰਹੀ ਹੈ।

(4) ਸਾਊ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਕਿਸੇ ਦਾ ਦਿਲ ਨਹੀਂ ਦੁਖਾਉਣਾ ਚਾਹੁੰਦਾ। ਗੱਲਾਂ ਕਰਦਿਆਂ ਜੇ ਕਿਤੇ ਰਾਇ ਦਾ ਫ਼ਰਕ ਹੋ ਜਾਵੇ ਤਾਂ ਉਹ ਆਪਣੀ ਰਾਇ ਦੇ ਕੇ, ਦੂਜੇ ਦੀ ਵਿਚਾਰ ਗੋਚਰੇ ਛੱਡ ਦਿੰਦਾ ਹੈ। ਮੁੜ-ਮੁੜ ਆਪਣੀ ਰਾਇ ਨੂੰ ਦੁਹਰਾ ਕੇ ਕਿਸੇ ਨੂੰ ਤੰਗ ਕਰਨ ਤੋਂ ਸੰਕੋਚ ਕਰਦਾ ਹੈ।

(5) ਲੋਕ ਗੀਤ ਕਿਸੇ ਸੱਭਿਆਚਾਰਕ ਸਮੂਹ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੁੰਦੇ ਹਨ। ਵੱਖ-ਵੱਖ ਲੇਖਕਾਂ ਨੇ ਇਨ੍ਹਾਂ ਬਾਰੇ ਆਪਣੇ ਸ਼ਬਦਾਂ ਨਾਲ ਇਨ੍ਹਾਂ ਨੂੰ ਪਰਿਭਾਸ਼ਿਤ ਕੀਤਾ ਹੈ। ਅਸਲ ਵਿੱਚ ਲੋਕ ਗੀਤ ਕਿਸੇ ਸੱਭਿਆਚਾਰ ਦਾ ਵੱਡਮੁੱਲਾ ਸਰਮਾਇਆ ਹੁੰਦੇ ਹਨ। ਇਨ੍ਹਾਂ ਵਿੱਚੋਂ ਅਸੀਂ ਸੰਬੰਧਤ ਸੱਭਿਆਚਾਰ ਦੇ ਲੋਕਾਂ ਦੇ ਸੁਭਾਅ ਅਤੇ ਨਕਸ਼ਾਂ ਨੂੰ ਪਛਾਣ ਸਕਦੇ ਹਾਂ।

(6) ਪ੍ਰਿੰਟ ਮੀਡੀਆ ਜਨ-ਸੰਚਾਰ ਦਾ ਮਹੱਤਵਪੂਰਨ ਸਾਧਨ ਹੈ। ਛਪੀ ਹੋਈ ਸਮੱਗਰੀ ਜੋ ਅਖ਼ਬਾਰਾਂ, ਰਸਾਲਿਆਂ, ਕਿਤਾਬਾਂ, ਇਸ਼ਤਿਹਾਰਾਂ ਆਦਿ ਦਾ ਅੰਗ ਬਣਦੀ ਹੈ, ਨੂੰ ਪ੍ਰਿੰਟ ਮੀਡੀਆ ਕਿਹਾ ਜਾਂਦਾ ਹੈ। ਪ੍ਰਿੰਟ ਦਾ ਅਰਥ ਹੈ ਛਾਪਣਾ ਤੇ ਮੀਡੀਆ ਦਾ ਭਾਵ ਹੈ ਮਾਧਿਅਮ। ਯਾਨੀ ਛਪੀ ਹੋਈ ਸਮੱਗਰੀ ਦਾ ਮਾਧਿਅਮ। ਜਨ-ਸੰਚਾਰ ਦੇ ਆਧੁਨਿਕ ਸਾਧਨਾ 'ਚ ਪ੍ਰਿੰਟ ਮੀਡੀਆ ਸਭ ਤੋਂ ਪੁਰਾਣਾ ਮਾਧਿਅਮ ਹੈ।

(7) ਪੰਜਾਬ ਦਾ ਨਾਂ ਪੰਜਾਬ ਵਿੱਚ ਵਗਣ ਵਾਲੇ ਦਰਿਆ ਰਾਵੀ, ਚਨਾਬ, ਝਨਾਂ, ਸਤਲੁਜ, ਬਿਆਸ ਕਰਕੇ ਪਿਆ।

(8) ਪੈਸੇ ਦੀ ਤੰਗੀ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਹੁੰਦੀ ਹੈ। ਲੇਖਕ ਇਸ ਕਰਕੇ ਮਹਿਸੂਸ ਕਰ ਰਿਹਾ ਹੈ ਕਿਉਂਕਿ ਉਸ ਕੋਲ ਪੈਸੇ ਨਾ ਹੋਣ ਕਰਕੇ ਉਹ ਆਪਣੇ ਮੁੰਡੇ ਦੀ ਇਛਾਵਾਂ ਦੀ ਪੂਰਤੀ ਨਹੀਂ ਕਰ ਸਕਦਾ।

(9) 'ਅੱਥਰੂ' ਡਾਇਰੀ-ਅੰਸ਼ ਦਾ ਲੇਖਕ ਬਲਰਾਜ ਸਾਹਨੀ ਹੈ। ਇਹ ਡਾਇਰੀ ਅੰਸ਼ ਲੇਖਕ ਦੀ ਪੁਸਤਕ 'ਗ਼ੈਰ ਜਜ਼ਬਾਤੀ ਡਾਇਰੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਉਹ ਆਪਣੀ ਕਲਕੱਤੇ ਦੀ ਯਾਤਰਾ ਦੇ ਬਿਰਤਾਂਤ ਦਾ ਵਰਣਨ ਕਰਦਾ ਹੈ।

(10) ਜਰਗ ਦਾ ਮੇਲਾ ਚੇਤ ਮਹੀਨੇ ਦੇ ਪਹਿਲੇ ਹਫ਼ਤੇ, ਪਿੰਡ ਜਰਗ ਵਿਖੇ ਸ਼ੀਤਲਾ ਮਾਤਾ ਨੂੰ ਖੁਸ਼ ਕਰਨ ਲਈ ਲੱਗਦਾ ਹੈ। ਚੇਤ ਦੇ ਨਰਾਤਿਆਂ ਵਿੱਚ, ਮੰਗਲਵਾਰ ਦੀ ਸਵੇਰ ਨੂੰ ਗੁਲਗੁਲੇ ਬਣਾਏ ਜਾਂਦੇ ਹਨ। ਜੋ ਪ੍ਰਸ਼ਾਦ ਵਜੋਂ ਖੋਤੇ ਨੂੰ ਵੀ ਭੇਟ ਕੀਤੇ ਜਾਂਦੇ ਹਨ।

(11) ਰਾਮੂ ਭਾਈ ਘਨ੍ਹਈਆ ਜੀ ਇਕਾਂਗੀ ਦਾ ਪਾਤਰ ਹੈ। ਇਹ ਬਿਹਾਰ ਦਾ ਰਹਿਣ ਵਾਲਾ ਤੇ ਪੰਜਾਬ ਦੇ ਜ਼ਿਲ੍ਹੇ ਲੁਧਿਆਣੇ ਵਿੱਚ ਇੱਕ ਪਿੰਜ ਅੰਦਰ ਬਾਬਾ ਜੀ ਕੋਲ ਕੰਮ ਕਰਨ ਲਈ ਆਇਆ ਹੋਇਆ ਹੈ।

(12) ਸੰਪਾਦਕੀ ਨੂੰ ਅਖ਼ਬਾਰ ਦਾ ਸੰਪਾਦਕ ਲਿਖਦਾ ਹੈ। ਇਸ ਦਾ ਮਹੱਤਵ ਇਹ ਹੈ ਕਿ ਸੰਪਾਦਕ ਇਸ ਵਿੱਚ ਚਲੰਤ ਮਸਲਿਆਂ ਬਾਰੇ ਆਪਣੇ ਵਿਚਾਰਾਂ ਨੂੰ ਪਾਠਕਾਂ ਦੇ ਸਨਮੁੱਖ ਪੇਸ਼ ਕਰਦਾ ਹੈ।

(13) ਪੰਜਾਬ ਦੇ ਲੋਕ ਨਾਚ ਭੰਗੜਾ, ਝੂੰਮਰ, ਲੁੱਡੀ, ਸੰਮੀ, ਗਿੱਧਾ, ਮਲਵਈ ਗਿੱਧਾ ਹਨ।

ਲੁੱਡੀ — ਲੁੱਡੀ ਪੱਛਮੀ ਪੰਜਾਬ ਦਾ ਲੋਕ ਨਾਚ ਹੈ। ਇਸ ਨੂੰ ਪੰਜਾਬ ਦਾ ਸਭ ਤੋਂ ਨਸ਼ੀਲਾ ਲੋਕ ਨਾਚ ਮੰਨਿਆ ਜਾਂਦਾ ਹੈ। ਇਸਦੇ ਰਸੀਏ ਗੀਤ ਨਹੀਂ ਗਾਉਂਦੇ ਉਹ ਸਿਰਫ਼ ਨਚੱਦੇ ਹਨ। ਉਹ ਘੰਟਿਆਂ ਬੱਧੀ ਬਾਹਵਾਂ ਲਹਿਰਾਉਂਦੇ ਅਤੇ ਸਰੀਰ ਦੇ ਅੰਗ ਅੰਗ ਨੂੰ ਲਚਕਾਉਂਦੇ, ਮਸਤੀ ਅਤੇ ਆਪਾ ਭੁਲਾਉਣ ਦੀ ਹੱਦ ਤੱਕ ਜਾ ਪਹੁੰਚਦੇ ਹਨ। ਲੁੱਡੀ ਜਿੱਤ ਤੇ ਖੁਸ਼ੀ ਦਾ ਲੋਕ ਨਾਚ ਹੈ। ਲੁੱਡੀ ਦੇ ਅਖਾੜੇ ਵਿੱਚ ਇਕ ਢੋਲੀ ਖੜਾ ਹੁੰਦਾ ਹੈ। ਲੁੱਡੀ ਮੁੱਖ ਤੌਰ ਤੇ ਮਰਦਾਂ ਦਾ ਨਾਚ ਹੈ।

**ਪ੍ਰ.10.** (3X2) **6**

(1) 'ਔਰਤ ਦੀ ਹੱਕ ਤਲਫ਼ੀ' ਡਾ. ਜਗਤਾਰ ਦੀ ਪ੍ਰਸਿੱਧ ਰਚਨਾ ਹੈ। ਇਸ ਕਵਿਤਾ ਦਾ ਉਦੇਸ਼ ਔਰਤ ਨੂੰ ਮਨੁੱਖੀ ਤੌਰ 'ਤੇ ਸਮਰੱਪਤ ਭਾਵਨਾ ਵਾਲੀ ਸ਼ਖਸ਼ੀਅਤ ਵਿੱਚ ਬਦਲ ਦਿੰਦਾ ਹੈ। ਇੱਕ ਔਰਤ ਜੋ ਕਿਸੇ ਦਾ ਬੱਚਾ ਲੈ ਕੇ ਉਸ ਨੂੰ ਪਾਲਦੀ ਹੈ, ਪੜ੍ਹਾਉਂਦੀ ਹੈ ਅਤੇ ਇੱਕ ਚੰਗਾ ਮਨੁੱਖ ਬਣਾਉਣ ਦਾ ਸੰਕਲਪ ਲੈਂਦੀ ਹੈ। ਪਰੰਤੂ ਦੁਖਾਂਤ ਇਹ ਹੈ ਕਿ ਅਜਿਹੀ ਔਰਤ ਦਾ ਇਤਿਹਾਸ ਵਿੱਚ ਕਿਤੇ ਵੀ ਜ਼ਿਕਰ ਨਹੀਂ ਹੁੰਦਾ। ਇਹ ਔਰਤ ਦਾ ਦੁਖਾਂਤ ਹੈ ਜਾਂ ਉਸ ਦੀ ਮਮਤਾਮਈ ਭਾਵਨਾ ਦਾ ਪ੍ਰਗਟਾਵਾ ਕਿ ਉਹ ਕਿਧਰੇ ਵੀ ਆਪਣਾ ਹੱਕ ਨਹੀਂ ਜਤਾਉਂਦੀ।

(2) ਪੰਜਾਬੀ ਸਿਨੇਮਾ ਅਜੋਕੇ ਯੁੱਗ ਦਾ ਇੱਕ ਤਾਕਤਵਰ ਮਾਧਿਅਮ ਹੈ। ਇਹ ਇੱਕੋ ਸਮੇਂ ਇੱਕ ਤੋਂ ਵਧੇਰੇ ਕਲਾਵਾਂ ਦਾ ਸੁਮੇਲ ਹੈ। ਕਿਸੇ ਭਾਸ਼ਾ ਦੇ ਜਿਉਂਦੇ ਰਹਿਣ ਲਈ ਉਸ ਭਾਸ਼ਾ ਵਿੱਚ ਸਿਨਮੇ ਦਾ ਹੋਣਾ ਜ਼ਰੂਰੀ ਹੈ। ਪੰਜਾਬੀ ਸਿਨਮੇਾ ਹਮੇਸ਼ਾ ਹੀ ਸਹਿਜ ਤੋਰੇ ਚੱਲਦਾ ਆਇਆ ਹੈ। 20ਵੀਂ ਸਦੀ ਦੇ ਆਖ਼ਰੀ ਦਹਾਕੇ ਵਿੱਚ ਪੰਜਾਬੀ ਸਿਨੇਮਾ ਜਾਤੀ ਅਧਾਰਿਤ ਨਾਵਾਂ ਤੇ ਬਣੀਆਂ ਮਾੜੀਆਂ ਫ਼ਿਲਮਾਂ ਕਰਕੇ ਮੰਦੇ ਹਾਲੀਂ ਹੋ ਗਿਆ ਸੀ। ਪਰੰਤੂ 21ਵੀਂ ਸਦੀ ਦੇ ਆਰੰਭ ਵਿੱਚ ਹੀ ਕੁੱਝ ਚੰਗੀਆਂ ਫ਼ਿਲਮਾਂ ਬਣੀਆਂ ਜਿਨ੍ਹਾਂ ਸਦਕਾ ਪੰਜਾਬੀ ਦਰਸ਼ਕ ਇੱਕ ਵਾਰ ਫੇਰ ਪੰਜਾਬੀ ਸਿਨੇਮਾ ਵੱਲ ਪਰਤਿਆ। ਹਿੰਦੀ ਸਿਨੇਮਾ ਭਾਰਤ ਦੀ ਇੱਕ ਵੱਡੀ ਫਿਲਮ ਸਨੱਅਤ ਹੈ। ਇਸ ਵਿੱਚ ਚੌਥਾ ਹਿੱਸਾ ਪੰਜਾਬੀ ਪਿਛੋਕੜ ਵਾਲੀਆਂ ਫ਼ਿਲਮੀ ਹਸਤੀਆਂ ਦਾ ਹੈ। ਸਮਕਾਲੀ ਪੰਜਾਬੀ ਸਿਨੇਮੇ ਦੀ ਭਾਸ਼ਾ ਵਧੇਰੇ ਯਥਾਰਥਕ ਹੋਈ ਹੈ। ਪਰਵਾਸੀ ਪੰਜਾਬੀਆਂ ਬਾਰੇ ਬਣੀਆਂ ਫ਼ਿਲਮਾਂ ਨੇ ਪੰਜਾਬੀ ਸਿਨੇਮੇ ਨੂੰ ਅਮੀਰੀ ਬਖ਼ਸ਼ੀ ਹੈ।

(3) ਮਸ਼ੀਨੀ ਅਨੁਵਾਦ ਤੰਤਰ ਨਾਲ ਸੰਬੰਧਤ ਅਨੇਕਾਂ ਸੀਮਾਵਾਂ ਦੇ ਨਾਲ-ਨਾਲ ਉਨ੍ਹਾਂ ਦੇ ਸਮਾਧਾਨ ਬਾਰੇ ਗੱਲ ਕਰਨੀ ਜ਼ਰੂਰੀ ਹੈ. ਜਦੋਂ ਕਿਸੇ ਵੀ ਵਿਭਾਗ, ਦਫ਼ਤਰ, ਕੰਪਨੀ ਦੇ ਕੰਪਿਊਟਰੀਕਰਨ ਦੀ ਚਰਚਾ ਕੀਤੀ ਜਾਂਦੀ ਹੈ ਤਾਂ ਅਜਿਹੇ ਵੇਲੇ ਜਿਹੜਾ ਸਵਾਲ ਸਹਿਜੇ ਹੀ ਪੈਦਾ ਹੁੰਦਾ ਹੈ ਉਹ ਉਸ ਖੇਤਰ ਵਿੱਚ ਕੰਮ ਕਰਨ ਵਾਲੀ 'ਮੈਨ ਪਾਵਰ' ਦਾ ਕੀ ਹੋਵੇਗਾ? ਅਨੁਵਾਦ ਦੇ ਖੇਤਰ ਵਿੱਚ ਕਿਹਾ ਜਾ ਸਕਦਾ ਹੈ ਕਿ ਅਨੁਵਾਦ ਇੱਕ ਕਦੀ ਵੀ ਨਾ ਖਤਮ ਹੋਣ ਵਾਲੀ ਪ੍ਰਕਿਰਿਆ ਹੈ। ਅੱਜ ਅਨੁਵਾਦ ਲਈ ਇੰਨੀ ਸਮੱਗਰੀ ਉਪਲਬੱਧ ਹੈ ਕਿ ਕੰਪਿਊਟਰ ਅਤੇ ਮਨੁੱਖ ਦੋਵੇਂ ਮਿਲ ਕੇ ਵੀ ਸਾਰੀ ਸਮਗੱਰੀ ਨੂੰ ਅਨੁਵਾਦ ਨਹੀਂ ਕਰ ਸਕਣਗੇ। ਕਾਰਣ ਹਰ ਰੋਜ਼ ਹੋਰ ਸਮੱਗਰੀ ਅਨੁਵਾਦ ਰਨ ਲਈ ਹੋਂਦ ਧਾਰ ਲੈਂਦੀ ਹੈ। ਦੂਜਾ ਅਨੁਵਾਦ ਦੀ ਪ੍ਰਕਿਰਿਆ ਵਿੱਚ ਮਾਨਵ ਬੁੱਧ ਅਤੇ ਸੰਸਾਰਕ ਗਿਆਨ ਦੀ ਇੰਨੀ ਲੋੜ ਹੈ ਕਿ ਚੰਗਾ ਹੋਵੇਗਾ ਜੇਕਰ ਅਨੁਵਾਦ ਦੀ ਗਤੀ ਵਧਾਉਣ ਲਈ ਇਨ੍ਹਾਂ ਦਾ ਪ੍ਰਯੋਗ ਕੀਤਾ ਜਾਵੇ। ਸਾਹਿਤਕ ਅਨੁਵਾਦ ਕੰਪਿਊਟਰ ਰਾਹੀਂ ਕਰਾਉਣ ਦੀ ਥਾਂ ਕੰਪਿਊਟਰ ਅਨੁਵਾਦ ਤੰਤਰ ਵਰਣਾਤਮਕ ਅਤੇ ਵਿਸ਼ਲੇਸ਼ਣਾਤਮਕ ਅਨੁਵਾਦ ਲਈ ਵੱਧ ਉਪਯੋਗੀ ਹੈ।

**ਪ੍ਰ.11.** (4X3)**12**

(1) ਪੰਜਾਬ ਦੀ ਧਰਤੀ ਉਪਰ ਵਹਿਣ ਵਾਲੇ ਦਰਿਆਵਾਂ ਨੇ ਪੰਜਾਬ ਵਿੱਚ ਖ਼ੂਬਸੂਰਤ ਵਾਤਾਵਰਨ ਸਿਰਜਿਆ ਹੋਇਆ। ਪੰਜਾਬ ਦੇ ਪੰਜਾਂ ਦਰਿਆਵਾਂ ਨੇ ਇਥੋਂ ਦੀ ਧਰਤੀ ਨੂੰ ਉਪਜਾਊ ਬਣਾ ਕੇ ਅਮੀਰ ਬਣਾਇਆ ਹੋਇਆ ਹੈ ਤੇ ਚਾਰੋ ਪਾਸੇ ਬਾਗ਼ ਲੱਗੇ ਹੋਏ ਹਨ ਅਤੇ ਖੇਤ, ਫਸਲਾਂ ਨਾਲ ਭਰੇ ਹੋਏ ਹਨ। ਇਉਂ, ਇਸ ਜ਼ਰਖ਼ੇਜ਼ ਧਰਤੀ ਦੇ ਉਪਰ ਪੰਜਾਬ ਦੇ ਸਤਲੁਜ, ਰਾਵੀ, ਜਿਹਲਮ, ਅਟਕ ਤੇ ਚਨਾਬ ਦਰਿਆ, ਆਪਣੀ ਮਸਤੀ ਵਿੱਚ ਵਹਿ ਰਹੇ ਹਨ। ਇਨ੍ਹਾਂ ਦਾ ਠੁਮਕ ਠੁਮਕ ਕੇ ਵਹਿਣਾ, ਪੰਜਾਬ ਦੀ ਜਵਾਨੀ ਦਾ ਠੁਮਕ ਠੁਮਕ ਕੇ ਤੁਰਨ ਵਰਗਾ ਨਜ਼ਰ ਆਉਂਦਾ ਹੈ। ਇਹੀ ਕਾਰਨ ਹੈ ਕਿ ਪੰਜਾਬ, ਦੁਨੀਆਂ ਨਾਲੋਂ ਸਭ ਤੋਂ ਵੱਧ ਸੁਹਣਾ ਹੈ।

(2) ਸਮਾਜ ਵਿੱਚ ਅਨੇਕਾਂ ਤਰ੍ਹਾਂ ਦੇ ਮਨੁੱਖ ਹੁੰਦੇ ਹਨ। ਨੇਕ ਮਨੁੱਖ ਹਮੇਸ਼ਾ ਹਰ ਕਿਸੇ ਦਾ ਭਲਾ ਚਾਹੁੰਦੇ ਹਨ। ਉਹਨਾਂ ਦੀ ਨਿਗਾਹ ਵਿੱਚ ਕੋਈ ਦੁਸ਼ਮਣ ਨਹੀਂ ਹੁੰਦਾ। ਨਾ ਹੀ ਉਹ ਕਿਸੇ ਨਾਲ ਧਰਮ, ਜਾਤ, ਰੰਗ, ਕਰਕੇ ਨਫ਼ਰਤ ਕਰਦੇ ਹਨ। ਉਹਨਾਂ ਦਾ ਮਕਸਦ ਹੀ ਭਲਾਈ ਕਰਨਾ ਹੁੰਦਾ ਹੈ। ਸਮਾਜ ਵਿੱਚ ਸਾਨੂੰ ਅਜਿਹੀਆਂ ਕਈ ਸ਼ਖਸ਼ੀਅਤਾਂ ਦੀ ਮਿਸਾਲ ਮਿਲਦੀ ਹੈ, ਜਿੰਨ੍ਹਾਂ ਨੇ ਕਿਸੇ ਨੇਕ ਕਾਰਜ ਲਈ ਆਪਣਾ ਸਭ ਕੁੱਝ ਕੁਰਬਾਨ ਕਰ ਦਿੱਤਾ। ਸਿੱਖ ਇਤਿਹਾਸ ਵਿੱਚ ਭਾਈ ਘਨ੍ਹਈਆ ਜੀ ਇੱਕ ਇਹੋ ਜਿਹੀ ਹੀ ਸ਼ਖਸ਼ੀਅਤ ਦੇ ਮਾਲਕ ਸਨ, ਜਿੰਨ੍ਹਾਂ ਨੇ ਬਿਨਾਂ ਕਿਸੇ ਭੇਦ-ਭਾਵ ਦੇ ਲੜਾਈ ਦੇ ਮੈਦਾਨ ਵਿੱਚ ਨਿਸ਼ਕਾਮ ਭਾਵਨਾ ਨਾਹਲ ਹਰ ਕਿਸੇ ਨੂੰ ਜਲ ਪੀਆਇਆ।

(3) ਕੁਲਫ਼ੀ ਕਹਾਣੀ ਵਿੱਚ ਗਰੀਬ ਕਿਰਤੀ ਬੰਦੇ ਦੀ ਮਾੜੀ ਆਰਥਕ ਦਸ਼ਾ ਨੂੰ ਬਿਆਨ ਕੀਤਾ ਹੈ। ਲੇਖਕ ਦਾ ਕਹਿਣਾ ਹੈ ਕਿ ਗਰੀਬ ਬੰਦੇ ਦੇ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਹੈ। ਉਹ ਆਪਣੇ ਮਾਲਕ ਨੂੰ ਤਨਖ਼ਾਹ ਵਧਾਉਣ ਲਈ ਕਹਿਣ ਤੋਂ ਵੀ ਡਰਦਾ ਹੈ। ਉਹ ਆਪਣੇ ਬੱਚੇ ਦੀ ਨਿੱਕੀ ਤੋਂ ਨਿੱਕੀ ਮੰਗ ਵੀ ਪੂਰੀ ਨਹੀਂ ਕਰ ਸਕਦਾ। ਇਹ ਗੱਲਾਂ ਉਸ ਨੂੰ ਮਾਨਸਿਕ ਤੌਰ ਤੇ ਪਰੇਸ਼ਾਨ ਕਰਦੀਆਂ ਹਨ।

(4) ਬਲਰਾਜ ਸਾਹਨੀ ਦੀ ਮਾਂ-ਬੋਲੀ ਪੰਜਾਬੀ ਹੈ। ਉਸ ਦੀ ਨਜ਼ਰ ਵਿੱਚ ਪਿੰਡੀ ਦੀ ਬੋਲੀ ਮਿੱਠੀ ਤੇ ਖੁੱਲ੍ਹੀ ਡੁਲ੍ਹੀ ਹੈ। ਪਿੰਡੀ ਦਾ ਆਦਮੀ ਇੰਝ ਬੋਲਦਾ ਹੈ ਜਿਵੇਂ ਪੰਜਾਬੀ ਜ਼ਬਾਨ ਦਾ ਇੱਕ ਇੱਕ ਲਫ਼ਜ਼, ਉਸ ਨੇ ਧੋ ਧਾ ਕੇ, ਤਹਿ ਕਰਕੇ, ਆਪਣੇ ਹਿਰਦੇ ਵਿੱਚ ਬਿਠਾ ਰਖਿਆ ਹੋਵੇ। ਉਸ ਨੂੰ ਉਹ ਬੜੇ ਸੁੱਥਰੇ ਤੇ ਮਿੱਠੇ ਢੰਗ ਨਾਲ ਮੂੰਹੋਂ ਕੱਢਦਾ ਹੈ ਤੇ ਸੁਣਨ ਵਾਲੇ ਨੂੰ ਇਸ ਮਿੱਠੀ ਬੋਲਚਾਲ ਦੇ ਪਿੱਛੇ, ਇੱਕ ਸ਼ੀਸ਼ੇ ਵਾਂਗ ਚਮਕਦੀ ਹੋਈ ਸ਼ਖਸ਼ੀਅਤ ਦਿਖਾਈ ਦੇਣ ਲੱਗ ਪੈਂਦੀ ਹੈ।

(5) ਅਜੋਕਾ ਯੁੱਗ ਪ੍ਰਚਾਰ ਦਾ ਯੁੱਗ ਹੈ। ਆਮ ਧਾਰਣਾ ਹੈ ਕਿ ਜੋ ਚੀਜ਼ ਵਧੇਰੇ ਦਿੱਸਦੀ ਹੈ, ਉਹੀ ਵਧੇਰੇ ਵਿੱਕਦੀ ਹੈ। ਵੱਖੋ-ਵੱਖਰੇ ਇਲਾਕਿਆਂ ਵਿੱਚ ਪ੍ਰਚਾਰ ਲਈ ਪੋਸਟਰਾਂ, ਪਰਚਿਆਂ ਅਤੇ ਹੈਂਡਬਿਲਾਂ ਦੀ ਮਦਦ ਨਾਲ, ਮਹੱਤਵਪੂਰਨ ਸੂਚਨਾ ਲੋਕਾਂ ਤੱਕ ਪਹੁੰਚਾਈ ਜਾਂਦੀ ਹੈ। ਸਰਕਾਰੀ ਵਿਭਾਗ ਜਾਂ ਨਿਜੀ ਕੰਪਨੀਆਂ ਵੱਲੋਂ ਪ੍ਰਚਾਰ ਲਈ, ਉਪਰੋਕਤ ਪ੍ਰਿੰਟ ਮਾਧਿਅਮਾਂ ਰਾਹੀਂ ਆਪਣੀ ਸਮੱਗਰੀ ਭੇਜੀ ਜਾਂਦੀ ਹੈ। ਪ੍ਰਚਾਰ ਦਾ ਇਹ ਆਸਾਨ ਤੇ ਸਸਤਾ ਸਾਧਨ ਮੰਨਿਆਂ ਜਾਂਦਾ ਹੈ। ਅਖ਼ਬਾਰਾਂ ਜਾਂ ਰਸਾਲਿਆਂ ਵਿੱਚ, ਆਕਾਰ ਦੇ ਹਿਸਾਬ ਨਾਲ ਇਸ਼ਤਿਹਾਰ ਲਈ ਪੈਸੇ ਵਸੂਲ ਕੀਤੇ ਜਾਂਦੇ ਹਨ। ਅੱਜ ਕੱਲ੍ਹ ਪਰਚੇ ਤੇ ਹੈਂਡਬਿਲ, ਅਖ਼ਬਾਰਾਂ ਰਾਹੀਂ ਵੀ ਲੋਕਾਂ ਤੱਕ ਪਹੁੰਚਣ ਲੱਗ ਪਏ ਹਨ। ਸੋ ਇਸ਼ਤਿਹਾਰਬਾਜ਼ੀ, ਪ੍ਰਿੰਟ ਮੀਡੀਆ ਦਾ ਮਹੱਤਵਪੂਰਨ ਅੰਗ ਬਣ ਚੁੱਕੀ ਹੋਈ ਹੈ।

**ਪ੍ਰ.13.** (6X1)**6**

**ਉੱਤਰ — ਵਿਦਿਆ ਵਿਚਾਰੀ ਤਾਂ ਪਰਉਪਕਾਰੀ**

**ਨੁਕਤੇ —**

ਵਿਦਿਆ ਦਾ ਮਹੱਤਵ……………ਮਨੁੱਖ ਦਾ ਵਿਕਾਸ………….ਜੀਵਨ-ਜਾਚ…………..ਵਿਦਿਆ ਤੇ ਗਿਰੀ………ਪਰ-ਉਪਕਾਰ

**ਜਾਂ**

**(ਅ) ਜਲ ਬਚਾਓ**

**ਨੁਕਤੇ —**

ਅਰਥ…………ਲੋੜ ਦੇ ਖੇਤਰ…………….ਕਾਰਨ………….ਪ੍ਰਭਾਵ…………..ਉਪਾਅ…………..ਸਮੇਂ ਦੀ ਲੋੜ…………ਆਮ ਨਾਗਰਿਕ ਦੇ ਯਤਨ

5. **ਪੱਤਰ** ਲਿਖੋ— (1X5)5

ਆਪਣੇ ਭਰਾ ਨੂੰ ਕੰਪਿਊਟਰ ਦਾ ਮਹਤੱਵ ਦੱਸਦੇ ਹੋਏ ਹਿਦਾਇਤ ਦਿਓ ਕਿ ਉਹ ਸੀਨੀਅਰ ਸੈਕੰਡਰੀ ਜਮਾਤ ਵਿੱਚ ਵਿਸਿਆਂ ਦੀ ਚੋਣ ਸਮੇਂ ਕੰਪਿਊਟਰ ਵਿਸ਼ੇ ਦੀ ਚੋਣ ਜ਼ਰੂਰ ਕਰੇ।

| | | |
|---|---|---|
| ਨੁਕਤੇ — | ਆਰੰਭ | 1 ਅੰਕ |
| | ਵਿਚਕਾਰ | 3 ਅੰਕ |
| | ਅੰਤ | 1 ਅੰਕ |

**ਜਾਂ**

ਪਰਿਵਹਨ ਨਿਗਮ ਦੇ ਚੇਅਰਮੈਨ ਨੂੰ ਨਵੀਂ ਵਸੀ ਕਾਲੌਨੀ ਤੋਂ ਸ਼ਹਿਰ ਦੇ ਸਟੇਸ਼ਨ ਤੱਕ ਬੱਸ ਚਲਾਉਣ ਲਈ ਬਿਨੈ-ਪੱਤਰ ਲਿਖੋ।

| | | |
|---|---|---|
| ਨੁਕਤੇ — | ਆਰੰਭ | 1 ਅੰਕ |
| | ਵਿਚਕਾਰ | 3 ਅੰਕ |
| | ਅੰਤ | 1 ਅੰਕ |